ਜਮਾਤ -ਛੇਵੀਂ ਪਾਠ-11 ਦਾਤੇ

ਸਾਹਿਤ ਰੂਪ-ਕਹਾਣੀ ਲੇਖਕ-ਕੁਲਵੰਤ ਸਿੰਘ ਵਿਰਕ



**ਪ੍ਰਸ਼ਨ (ੳ) ਗੀਤਾ ਦੇ ਘਰ ਦੀ ਹਾਲਤ ਏਨੀ ਖਰਾਬ ਕਿਉਂ ਸੀ?**

ਉੱਤਰ- ਗੀਤਾ ਦੇ ਘਰ ਦੀ ਹਾਲਤ ਏਨੀ ਖਰਾਬ ਇਸ ਕਰਕੇ ਸੀ ਕਿਉਂਕਿ ਉਹਨਾਂ ਦੇ ਪੰਜ ਬੱਚੇ ਸਨ ਅਤੇ ਆਮਦਨ ਬਹੁਤ ਥੋੜ੍ਹੀ ਸੀ।



**ਪ੍ਰਸ਼ਨ (ਅ) ਗੀਤਾ ਦਾ ਪਰਿਵਾਰ ਗਰਮੀਆਂ ਵਿੱਚ ਸਰਦੀਆਂ ਅਤੇ ਸਰਦੀਆਂ ਵਿੱਚ ਗਰਮੀਆਂ ਨੂੰ ਕਿਉਂ ਉਡੀਕਦਾ ਸੀ?**

ਉੱਤਰ- ਗੀਤਾ ਦੇ ਪਰਿਵਾਰ ਕੋਲ ਮੌਸਮ ਅਨੁਸਾਰ ਕੱਪੜੇ ਨਹੀਂ ਸਨ। ਇਸ ਲਈ ਉਹ ਗਰਮੀਆਂ ਵਿੱਚ ਸਰਦੀਆਂ ਅਤੇ ਸਰਦੀਆਂ ਵਿੱਚ ਗਰਮੀਆਂ ਨੂੰ ਉਡੀਕਦੇ ਸਨ।



**ਪ੍ਰਸ਼ਨ (ੲ) ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਂਸਲਾ ਕਿਉਂ ਨਾ ਪਿਆ?**

ਉੱਤਰ- ਤਿੰਨੋਂ ਕੁੜੀਆਂ ਦੀਆਂ ਚੂੜੀਆਂ ਦੇ ਪੈਸੇ ਜ਼ਿਆਦਾ ਹੋਣ ਕਾਰਨ ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਂਸਲਾ ਨਾ ਪਿਆ।

**ਪ੍ਰਸ਼ਨ (ਸ) ਬੱਚੇ ਆਪਣੀ ਮਾਤਾ ਲਈ ਚੂੜੀਆਂ,ਤੇਲ ਦੀ ਬੋਤਲ ਤੇ ਪਾਊਡਰ ਕਿਉਂ ਲੈ ਕੇ ਆਏ?**

ਉੱਤਰ- ਬੱਚੇ ਆਪਣੀ ਮਾਤਾ ਨੂੰ ਖ਼ੁਸ਼ ਕਰਨ ਲਈ ਚੂੜੀਆਂ,ਤੇਲ ਦੀ ਬੋਤਲ ਤੇ ਪਾਊਡਰ ਲੈ ਕੇ ਆਏ।

**ਪ੍ਰਸ਼ਨ (ਹ) ਇਸ ਕਹਾਣੀ ਵਿੱਚ ਦਾਤੇ ਕਿਸ ਨੂੰ ਕਿਹਾ ਗਿਆ ਹੈ ਅਤੇ ਕਿਉਂ?**

ਉੱਤਰ- ਇਸ ਕਹਾਣੀ ਵਿੱਚ ਦਾਤੇ ਬੱਚਿਆ ਨੂੰ ਕਿਹਾ ਗਿਆ ਹੈ ਕਿਉਂਕਿ ਉਹ ਆਪਣੀ ਮਾਤਾ ਨੂੰ ਉਹ ਚੀਜਾਂ ਦਿੰਦੇ ਹਨ ਜਿਨ੍ਹਾਂ ਨੂੰ ਉਹ ਆਪ ਖਰੀਦਣ ਦਾ ਹੌਂਸਲਾ ਨਹੀਂ ਸੀ ਕਰ ਸਕਦੀ।

2. ਖਾਲੀ ਥਾਵਾਂ ਭਰੋ:-

(ੳ) ਇਸ ਗਰੀਬ ਘਰ ਵਿੱਚ ਉਹਨਾਂ ਦੀ ਆਪਣੀ ਵੱਖਰੀ ਹੀ ਦੁਨੀਆ ਸੀ

(ਅ) ਤੂੰ ਮੰਮੀ ਦੀ ਕਮੀਜ਼ ਪਾ ਲੈ

(ੲ) ਦਸਾਂ ਦਾ ਨੋਟ ਕੋਲ ਹੋਣ ਕਰਕੇ ਸਾਰਾ ਸ਼ਹਿਰ ਉਹਨਾਂ ਨੂੰ ਆਪਣੀ ਮੁੱਠੀ ਵਿੱਚ ਜਾਪਦਾ ਸੀ।

(ਸ) ਨਾ ਭਾਈ ਮਠਿਆਈ ਖਾ ਕੇ ਬਿਮਾਰ ਹੋ ਜਾਈਦਾ ਏ।

(ਹ) ਅੱਜ ਅਸੀਂ ਮੰਮੀ ਨੂੰ ਖੁਸ਼ ਕਰ ਦੇਣਾ ਏ।

### 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:-

1. ਖ਼ੂਬਸੂਰਤ – ਤਿਤਲੀ ਬਹੁਤ ਖ਼ੂਬਸੂਰਤ ਹੁੰਦੀ ਹੈ।
2. ਭੁਲੇਖਾ – ਮੈਨੂੰ ਕਮਲ ਦੇ ਆਉਣ ਦਾ ਭੁਲੇਖਾ ਪਿਆ।
3. ਪਸੰਦ – ਬੱਚੇ ਮਠਿਆਈ ਬਹੁਤ ਪਸੰਦ ਕਰਦੇ ਹਨ।
4. ਹੌਸਲਾ – ਸਾਨੂੰ ਕਦੇ ਵੀ ਹੌਸਲਾ ਨਹੀਂ ਹਾਰਨਾ ਚਾਹੀਦਾ।
5. ਸ਼ਲਾਘਾ – ਚੰਗੇ ਕੰਮ ਦੀ ਸਾਰੇ ਸ਼ਲਾਘਾ ਕਰਦੇ ਹਨ।
6. ਸੁਗਾਤ – ਮੇਰੇ ਚਾਚਾ ਜੀ ਨੇ ਮੈਨੂੰ ਸੁਗਾਤ ਵਜੋਂ ਘੜੀ ਦਿੱਤੀ।
7. ਪੋਟਲੀ – ਜਾਦੂਗਰ ਦੀ ਪੋਟਲੀ ਵਿੱਚ ਬਹੁਤ ਚੀਜ਼ਾਂ ਸਨ।
8. ਨਮੂਨਾ – ਗਲੋਬ ਧਰਤੀ ਦਾ ਨਮੂਨਾ ਹੈ।




### 4. ਸਹੀ/ਗ਼ਲਤ ਦੀ ਚੋਣ ਕਰੋ:

(ੳ) ਗੀਤਾ ਦੇ ਘਰ ਦੀ ਹਾਲਤ ਬਹੁਤ ਚੰਗੀ ਸੀ। (ਗ਼ਲਤ)

(ਅ) ਗੀਤਾ ਦੇ ਪਰਿਵਾਰ ਕੋਲ ਗਰਮੀਆਂ ਅਤੇ ਸਰਦੀਆਂ ਲਈ ਕਾਫੀ ਕੱਪੜੇ ਸਨ। (ਗ਼ਲਤ)

(ੲ) ਤਿੰਨ ਕੁੜੀਆਂ ਦੀਆਂ ਚੂੜੀਆਂ ਦੇ ਇੱਕ ਰੁਪਈਆਂ ਪੈਹਠ ਪੈਸੇ ਬਣ ਗਏ ਸਨ। (ਸਹੀ)










Scan & Download
Punjab Educare

ਪੰਜਾਬ ਸਕੂਲ ਸਿੱਖਿਆ ਵਿਭਾਗ

ਪੜ੍ਹੋ ਪੰਜਾਬ ਪੜ੍ਹਾਓ ਪੰਜਾਬ

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700